# ਤੇਰਿਆਂ ਸਵਾਲਾਂ ਦਾ ਜਵਾਬ ਅਜ ਦੇ ਰਿਹਾਂ

ਤੇਰਿਆਂ ਸਵਾਲਾਂ ਦਾ ਜਵਾਬ ਅਜ ਦੇ ਰਿਹਾਂ
ਹਾਂਜੀ ਹਾਂਜੀ ਹਾਂ ਤੇਨੂੰ ਹੀ ਜਨਾਬ ਅਜ ਦੇ ਰਿਹਾਂ

ਜਦੋਂ ਮੇਰੇ ਕੋਲੋਂ ਬਹੁਤ ਦੂਰ ਚਲਾ ਗਿਆਂ ਹੈਂ
ਪੁਛ ਕੇ ਤੂੰ ਆਪਣਾ ਕਸੂਰ ਚਲਾ ਗਿਆ ਹੈਂ
ਛਡ ਕੇ ਤੂੰ ਪਿਛੇ ਕਈ ਨਸੂਰ ਚਲਾ ਗਿਆ ਹੈਂ
ਖੇਡ ਕੇ ਤੂੰ ਖੇਡ ਭਰਪੂਰ ਚਲਾ ਗਿਆ ਹੈਂ
ਦੁਨੀਆਂ ਦੇ ਸਾਹਮਣੇ ਹਿਸਾਬ ਦੇਣਾ ਚਾਹੁੰਦਾ ਹਾਂ
ਤੇਰੀ ਹਰ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ

ਅਜੇ ਵੀ ਸਵੇਰੇ ਹੀ ਨਸੂਰ ਫੁਟ ਪਿਆ ਸੀ
ਦਿਲ ਵਿਚੋਂ ਖ਼ੂਨ ਦਾ ਫੁਵਾਰਾ ਛੁਟ ਪਿਆ ਸੀ
ਤਾਂ ਹੀ ਮੇਨੂੰ ਤੇਰਾ ਵੀ ਸਵਾਲ ਯਾਦ ਆ ਗਿਆ
ਤੂੰ ਜਿਹੜਾ ਦਿੱਤਾ ਸੀ ਭੁਚਾਲ ਯਾਦ ਆ ਗਿਆ
ਆ ਗਏ ਯਾਦ ਸਾਰੇ ਟੋਏ ਤੇਰੇ ਪੱਟੇ ਹੋਏ
ਟੋਇਆਂ ਉੱਤੇ ਸੁੱਕੇ ਹੋਏ ਟਾਹਣੇ ਕੁਝ ਸੱਟੇ ਹੋਏ
ਡਿਗਦਾ ਹੀ ਡਿਗਦਾ ਮੈਂ ਟੋਏ ਵਿਚ ਬਚਿਆ
ਮਰਨੋਂ ਬਚਾਇਆ ਮੇਨੂੰ ਤੂੰ ਰੱਬਾ ਸਚਿਆ

ਮੈਂ ਤੇਨੂੰ ਦਿੱਤਾ ਨਾਂ ਉਲਾਂਭਾ ਇਸ ਗੱਲ ਦਾ
ਮਿਲਦਾ ਜਵਾਬ ਨਹੀਂ ਤਾਂ ਮੇਨੂੰ ਵੱਲ ਛੱਲ ਦਾ
ਅਜੇ ਕਦੇ ਪਿਛੋਂ ਮੈਂ ਜਵਾਬ ਤੇਨੂੰ ਦੇ ਰਿਹਾਂ
ਬਿਨਾਂ ਤੇਰੇ ਮੰਗੇ ਹੀ ਹਿਸਾਬ ਤੇਨੂੰ ਦੇ ਰਿਹਾਂ
ਮੇਰਾ ਮੈਂ ਜਵਾਬ ਫੇਸ ਬੁਕ ਉੱਤੇ ਪਾ ਰਿਹਾਂ
ਨਾਂ ਤਾਂ ਮੈਂ ਲਾਈਕ ਨਾਂ ਕੁਮੈਂਟ ਲੇਣੇ ਚਾਹ ਰਿਹਾਂ
ਮੇਰਾ ਇਹ ਜਵਾਬ ਸਿਰਫ ਤੇਰੇ ਲਈ ਹੀ ਦਿੱਤਾ ਹੈ
ਹੋਰ ਨਾਂ ਕੋਈ ਪੜ੍ਹੇ ਫੇਸ ਬੁਕ ਉੱਤੇ ਲਿਖ ਤਾ ਹੈ
ਤੇਰਿਆਂ ਸਵਾਲਾਂ ਦਾ ਜਵਾਬ ਅਜੇ ਦੇ ਰਿਹਾਂ
ਹਾਂਜੀ ਹਾਂਜੀ ਹਾਂ ਤੇਨੂੰ ਹੀ ਜਨਾਬ ਅਜੇ ਦੇ ਰਿਹਾਂ